verka®
Har Din Da, Har Dil Da

ਨੰ. ਐਸ.ਐਮ.ਯੂ/ਮੰਡੀਕਰਨ/...1842 ਮਿਤੀ :...16/09/2024

ਡਿਪਟੀ ਜਨਰਲ ਮੈਨੇਜਰ (ਖ੍ਰੀਦ),
ਮਿਲਕਫੈੱਡ ਮੁੱਖ ਦਫਤਰ,
ਚੰਡੀਗੜ੍ਹ।

ਵਿਸ਼ਾ:- ਮਿਲਕਬਾਰਾਂ ਦੀ ਅਲਾਟਮੈਂਟ ਸਬੰਧੀ ਟੈਂਡਰ ਨੌਟਿਸ ਨੂੰ ਵੇਰਕਾ ਦੀ ਵੈੱਬ ਸਾਈਟ ਤੇ ਪ੍ਰਕਾਸ਼ਿਤ ਕਰਨ ਸਬੰਧੀ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਵੇਰਕਾ ਸੰਗਰੂਰ ਡੇਅਰੀ ਵੱਲੋਂ ਛੇ ਮਿਲਕਬਾਰਾਂ ਨੂੰ ਕਿਰਾਏ ਤੇ ਦੇਣ ਸਬੰਧੀ ਟੈਂਡਰ ਨੋਟਿਸ ਮਿਤੀ 01-08-2024 ਦੇ ਅਖਬਾਰ ਵਿੱਚ ਕਢਵਾਇਆ ਗਿਆ ਸੀ। ਜਿਨ੍ਹਾਂ ਦੀ ਟੈਂਡਰ ਖੋਲਣ ਦੀ ਮਿਤੀ 18.09.2024 ਨਿਸਚਿਤ ਕੀਤੀ ਗਈ ਸੀ, ਪ੍ਰੰਤੂ ਹੁਣ ਤੱਕ ਸਿਰਫ ਦੋ ਹੀ ਟੈਂਡਰ ਸੇਲ ਹੋਏ ਹਨ। ਸੋ ਇਸ ਪੱਤਰ ਰਾਹੀਂ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਫਾਰਮ ਖਰੀਦਣ ਦੀ ਮਿਤੀ, ਜਮ੍ਹਾਂ ਕਰਵਾਉਣ ਦੀ ਮਿਤੀ ਅਤੇ ਟੈਂਡਰ ਖੋਲਣ ਦੀ ਮਿਤੀ 15 ਦਿਨਾਂ ਲਈ ਅੱਗੇ ਵਧਾਈ ਜਾਵੇ ਅਤੇ ਵੇਰਕਾ ਦੀ ਵੈੱਬਸਾਇਟ ਤੇ ਪ੍ਰਕਾਸ਼ਿਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਇਹਨਾਂ ਛੇ ਮਿਲਕਬਾਰਾਂ ਦੇ ਟੈਂਡਰ ਸਬੰਧੀ ਅਪਡੇਟਡ ਡਿਟੇਲ ਨੋਟਿਸ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜਿਆ ਜਾਂਦਾ ਹੈ।

ਜਨਰਲ ਮੈਨੇਜਰ
ਵੇਰਕਾ ਸੰਗਰੂਰ ਡੇਅਰੀ

ਨੱਥੀ: ਟੈਂਡਰ ਨੋਟਿਸ।

THE SANGRUR DISTRICT COOPERATIVE MILK PRODUCER'S UNION LTD.
(Verka Sangrur Dairy) Patiala Road, Sangrur - 148001 (Pb.)
E-Mail: gm.sng@verka.coop
GST No. 03AAAAT3919N1ZC

verka®
Har Din Da, Har Dil Da

## ਟੈਂਡਰ ਨੋਟਿਸ ਆਮ ਪਬਲਿਕ

ਆਮ ਪਬਲਿਕ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਵੇਰਕਾ ਮਿਲਕ ਪਲਾਂਟ ਸੰਗਰੂਰ ਵੱਲੋਂ ਪੰਜਾਬ ਰਾਜ ਦੇ ਸੰਗਰੂਰ, ਮਲੇਰਕੋਟਲਾ ਅਤੇ ਬਰਨਾਲਾ ਜਿਲ੍ਹੇ ਦੇ ਹੇਠ ਲਿਖੇ ਵੱਖ-ਵੱਖ ਪਬਲਿਕ ਸਥਾਨਾਂ 'ਤੇ 3 (ਤਿੰਨ) ਸਾਲ ਦੇ ਸਮੇਂ ਲਈ ਵੇਰਕਾ ਮਿਲਕਬਾਰ ਕਿਰਾਏ ਤੇ ਦਿੱਤੇ ਜਾਣੇ ਹਨ। ਇਸ ਲਈ ਫਾਰਮਾਂ ਦੀ ਮੰਗ ਕੀਤੀ ਗਈ ਹੈ, ਜਿਸਦਾ ਮੁੱਲ 500/- ਰੁਪਏ ਪ੍ਰਤੀ ਫਾਰਮ ਹੈ ਅਤੇ ਪ੍ਰਾਪਤ ਫਾਰਮਾਂ ਵਿੱਚੋਂ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਨ ਵਾਲੇ ਟੈਂਡਰਕਾਰਾਂ ਵਿੱਚੋਂ ਡਰਾਅ ਸਿਸਟਮ ਰਾਹੀਂ ਮਿਲਕਬਾਰ ਅਲਾਟ ਕੀਤੀ ਜਾਵੇਗੀ।

| ਲੜੀ ਨੰ. | ਮਿਲਕਬਾਰਾਂ ਦੇ ਨਾਮ | ਮਿਲਕਬਾਰ ਦਾ ਕਿਰਾਇਆ ਪ੍ਰਤੀ ਮਹੀਨਾ (GST Extra) | ਰਿਜਰਵੇਸ਼ਨ ਕੋਟਾ |
|---|---|---|---|
| 1 | ਸਰਕਾਰੀ ਸੀਨੀ. ਸੈਕੰ. ਸਕੂਲ, ਸੰਧੂ ਪੱਤੀ, ਬਰਨਾਲਾ | 4000/- | ਦਿਵਿਆਂਗ ਜਨ ਲਈ |
| 2 | ਸਰਕਾਰੀ ਸੀਨੀ. ਸੈਕੰ. ਸਕੂਲ, ਮੂਨਕ (ਜਿਲ੍ਹਾ-ਸੰਗਰੂਰ) | 4000/- | ਦਿਵਿਆਂਗ ਜਨ ਲਈ |
| 3 | ਸਿਵਲ ਹਸਪਤਾਲ, ਤਪਾ (ਜਿਲ੍ਹਾ-ਬਰਨਾਲਾ) | 3000/- | ਜਨਰਲ ਪਬਲਿਕ ਲਈ |
| 4 | ਸਿਵਲ ਹਸਪਤਾਲ, ਭਦੌੜ (ਜਿਲ੍ਹਾ-ਬਰਨਾਲਾ) | 3000/- | ਔਰਤਾਂ ਲਈ |
| 5 | ਸਿਵਲ ਹਸਪਤਾਲ, ਅਹਿਮਦਗੜ੍ਹ (ਜਿਲ੍ਹਾ-ਮਲੇਰਕੋਟਲਾ) | 3000/- | ਵਿਧਵਾ ਔਰਤਾਂ ਲਈ |
| 6 | ਦਫਤਰ ਮਾਰਕਿਟ ਕਮੇਟੀ, ਖਨੌਰੀ (ਜਿਲ੍ਹਾ-ਸੰਗਰੂਰ) | 4000/- | ਵਿਧਵਾ ਔਰਤਾਂ ਲਈ |

* ਮਿਲਕ ਪਲਾਂਟ ਵੱਲੋਂ ਮਿਲਕਬਾਰ ਦਾ ਮਹੀਨਾਵਾਰ ਕਿਰਾਇਆ ਸਮੇਂ ਮੁਤਾਬਿਕ ਹਰੇਕ ਸਾਲ 10% ਵਧਾਇਆ ਜਾਵੇਗਾ।

| | |
|---|---|
| ਟੈਂਡਰ ਫਾਰਮ ਖਰੀਦਣ ਮਿਤੀ, ਸਮਾਂ ਤੇ ਸਥਾਨ- | 31-08-2024 ਤੋਂ 30-09-2024 ਬਾ.ਦੁ. 4:00 ਵਜੇ ਤੱਕ<br>ਲੇਖਾ ਸ਼ਾਖਾ, ਵੇਰਕਾ ਮਿਲਕ ਪਲਾਂਟ, ਸੰਗਰੂਰ |
| ਬੰਦ ਲਿਫਾਫੇ ਵਿੱਚ ਫਾਰਮ ਜਮਾਂ ਕਰਵਾਉਣ-<br>ਦੀ ਆਖਰੀ ਮਿਤੀ, ਸਮਾਂ ਤੇ ਸਥਾਨ- | 03-10-2024 ਬਾ.ਦੁ. 4:00 ਵਜੇ ਤੱਕ<br>ਮੰਡੀਕਰਨ ਸ਼ਾਖਾ, ਵੇਰਕਾ ਮਿਲਕ ਪਲਾਂਟ, ਸੰਗਰੂਰ |
| ਟੈਂਡਰ ਖੋਲਣ ਦੀ ਮਿਤੀ, ਸਮਾਂ ਤੇ ਸਥਾਨ- | 04-10-2024 ਸਵੇਰੇ 11:00 ਵਜੇ<br>ਮੰਡੀਕਰਨ ਸ਼ਾਖਾ, ਵੇਰਕਾ ਮਿਲਕ ਪਲਾਂਟ, ਸੰਗਰੂਰ |
| ਸੰਪਰਕ ਨੰ.: | 97818-00155 (ਮਨੋਜ ਕੁਮਾਰ)<br>97811-20708 (ਮਨਜਿੰਦਰ ਸਿੰਘ) |

ਜਨਰਲ ਮੈਨੇਜਰ
ਵੇਰਕਾ ਮਿਲਕ ਪਲਾਂਟ, ਸੰਗਰੂਰ।

THE SANGRUR DISTRICT COOPERATIVE MILK PRODUCER'S UNION LTD.
(Verka Sangrur Dairy) Patiala Road, Sangrur - 148001 (Pb.)
E-Mail: gm.sng@verka.coop
GST No. 03AAAAT3919N1ZC